# ਹਿੰਦੁਸਤਾਨ
# ਦੀ ਅਜ਼ਾਦੀ ਦੀ ਲੜਾਈ ਵਿਚ
# ਪੰਜਾਬ

ਰਾਮ ਸਿੰਘ ਮਜੀਠਾ



# ਹਿੰਦੁਸਤਾਨ ਦੀ ਅਜ਼ਾਦੀ ਦੀ ਲੜਾਈ ਵਿਚ ਪੰਜਾਬ

## ਰਾਮ ਸਿੰਘ ਮਜੀਠਾ

Published By
**Rethink Books**
Vill. Fatehgarh Chhanna
P.O. Deh-Kalan
Teh./Distt. Sangrur-148034

Sub-Office: 73A, Nilothi Ext.,
Vikaspuri Ext., Chandar Vihar,
New Delhi-110041

Website: www.rethinkpublish.com
Email: sales@rethinkpublisher.com
Phone: 91 94648-95424

ISBN: 978-93-94737-21-1
Year: 2023
Price: 1275/-

© Publisher

---

**ਚੇਤਾਵਨੀ**
ਇਸ ਕਿਤਾਬ ਦੇ ਸਾਰੇ ਹੱਕ ਰਾਖਵੇਂ ਹਨ. ਇਸ ਲਈ ਇਸ ਨੂੰ ਬਗ਼ੈਰ ਪ੍ਰਕਾਸ਼ਕ ਦੀ ਲਿਖ਼ਤੀ ਆਗਿਆ ਦੇ ਕਿਸੇ ਵੀ ਤਰੀਕੇ ਨਾਲ (ਫੋਟੋਕਾਪੀ ਜਾਂ ਪੀ.ਡੀ.ਐਫ. ਬਣਾਉਣਾ, ਆਦਿ) ਆਪਣੇ ਕੋਲ ਸੰਭਾਲ ਕੇ ਰੱਖਣ ਜਾਂ ਅੱਗੇ ਭੇਜਣ ਵਾਲੇ ਵਿਅਕਤੀ ਖ਼ਿਲਾਫ਼ ਕਾਪੀ-ਰਾਈਟ ਐਕਟ ਦੇ ਅਧੀਨ ਬਾਕਾਇਦਾ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ.

Hindustan Di Azadi Di Ladayi Vich Punjab
By Ram Singh Majitha

Printed at:
D.K. Fine Art. Pvt. Ltd.
New Delhi.

# ਸਮਰਪਣ

ਮਹਾਨ ਇਨਕਲਾਬੀ

ਗ਼ਦਰੀ ਦੇਸ-ਭਗਤ ਬਾਬਾ ਜਵਾਲਾ ਸਿੰਘ ਜੀ

ਅਤੇ ਆਪਣੇ ਪਿਤਾ ਜਥੇਦਾਰ ਸੁਰੈਣ ਸਿੰਘ ਜੀ ਨੂੰ

ਜਿਨ੍ਹਾਂ ਦੀ ਪ੍ਰੇਰਨਾ, ਅਗਵਾਈ ਅਤੇ ਦ੍ਰਿੜ੍ਹਤਾ ਸਦਕਾ

ਮੈਂ ਦੇਸ ਸੇਵਾ ਦੇ ਮਾਰਗ ਚੱਲ ਸਕਿਆ।

# ਤਤਕਰਾ


| | |
|---|---|
| ਪੰਜਾਬ | 109 |
| ਨਾਮਧਾਰੀ ਅਥਵਾ ਕੂਕਾ ਲਹਿਰ | 228 |
| ਪੰਜਾਬ ਦੀ ਜ਼ਮੀਨੀ ਲਹਿਰ | 330 |
| ਗ਼ਦਰ ਪਾਰਟੀ | 372 |
| ਕਾਂਗਰਸ | 489 |
| ਅਕਾਲੀ ਲਹਿਰ | 689 |
| ਬੱਬਰ ਅਕਾਲੀ ਲਹਿਰ | 864 |
| ਇਨਕਲਾਬੀ ਲਹਿਰ | 1003 |
| ਰਿਆਸਤੀ ਪਰਜਾ ਮੰਡਲ | 1216 |
| ਰਿਆਸਤ ਜੰਮੂ ਕਸ਼ਮੀਰ | 1330 |
| ਕਿਸਾਨ ਤੇ ਮੁਜ਼ਾਰਾ ਲਹਿਰ | 1388 |
| ਕਿਰਤੀ ਪਾਰਟੀ | 1514 |
| ਨੇਤਾ ਜੀ ਸੁਭਾਸ਼ ਚੰਦਰ ਬੋਸ ਵਤਨੋਂ ਬਾਹਰ | 1596 |
| ਹਿੰਦੁਸਤਾਨੀ ਇਨਕਲਾਬੀ ਦੂਰ ਪੂਰਬ ਵਿਚ | 1632 |
| ਇੰਡੀਅਨ ਨੈਸ਼ਨਲ ਆਰਮੀ | 1759 |

# ਪ੍ਰਕਾਸ਼ਕੀ ਸ਼ਬਦ

ਇਸ ਗੱਲ ਵਿਚ ਕੋਈ ਦੋ ਰਾਵਾਂ ਨਹੀਂ ਕਿ ਪੰਜਾਬ ਦੀ ਜੋ ਮਹੱਤਤਾ ਭਾਰਤ ਲਈ ਹੈ, ਭਾਰਤ ਉਸ ਤਰ੍ਹਾਂ ਪੰਜਾਬ ਲਈ ਮਹੱਤਵਪੂਰਨ ਨਹੀਂ ਰਿਹਾ। ਬਲਕਿ ਪੰਜਾਬ ਨੇ ਇਤਿਹਾਸਕ ਕਾਲ ਦੇ ਸ਼ੁਰੂਆਤੀ ਸਮਿਆਂ ਤੋਂ ਹੀ ਆਪਣੀ ਵੱਖਰੀ ਹਸਤੀ ਤੇ ਹੋਂਦ ਨੂੰ ਪ੍ਰਗਟ ਕਰਦਿਆਂ, ਆਪਣੀ ਲੜਾਈ ਆਪ ਲੜੀ ਹੈ। ਗਰੀਕ ਸਮਰਾਟ ਸਿਕੰਦਰ ਤੋਂ ਲੈ ਕੇ ਅੰਗਰੇਜ਼ਾਂ ਤਕ ਦਾ ਭਾਰਤੀ ਇਤਿਹਾਸ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਪੰਜਾਬ ਦਾ ਖ਼ਾਸਾ ਹਮੇਸ਼ਾ ਤੋਂ ਭਾਰਤ ਦੇ ਖ਼ਿਲਾਫ਼ ਹੀ ਰਿਹਾ ਹੈ। ਭਾਰਤ ਤੇ ਪੰਜਾਬ ਸ਼ਾਇਦ ਅੰਗਰੇਜ਼ਾਂ ਖ਼ਿਲਾਫ਼ ਹੋਈ ਲੜਾਈ ਵਿਚ ਹੀ ਪਹਿਲੀ ਵਾਰ ਇਕ ਹੋ ਕੇ ਲੜੇ ਤੇ ਇਸ ਲੜਾਈ ਨੇ ਹੀ ਪੰਜਾਬ ਨੂੰ ਕਈ ਅਜਿਹੇ ਨਾਸੂਰ ਦਿੱਤੇ, ਜਿਨ੍ਹਾਂ ਦਾ ਇਲਾਜ ਹੁਣ ਤਕ ਨਹੀਂ ਹੋ ਪਾਇਆ। ਉਲਟਾ ਇਹ ਦਿਨੋਂ-ਦਿਨ ਵੱਧਦੇ ਹੀ ਜਾ ਰਹੇ ਹਨ ਤੇ ਦੁੱਖ ਦੀ ਗੱਲ ਇਹ ਹੈ ਕਿ

ਇਹ ਨਾਸੂਰ ਉਸ ਹਕੂਮਤ ਵੱਲੋਂ ਪੈਦਾ ਕੀਤੇ ਗਏ ਹਨ, ਜਿਸ ਨੂੰ ਸੱਤਾ ਤਕ ਪਹੁੰਚਾਉਣ ਵਿਚ ਪੰਜਾਬ ਦਾ ਸਭ ਤੋਂ ਵੱਡਾ ਰੋਲ ਰਿਹਾ ਹੈ।

ਅੰਗਰੇਜ਼ ਹਕੂਮਤ ਤੋਂ ਬਾਅਦ ਮਿਲੀ ਅਜ਼ਾਦੀ ਦੇ ਨਾਮ ਹੇਠ ਜਿਸ ਵਕਤ ਭਾਰਤ ਆਪਣੇ ਜਸ਼ਨ ਮਨਾ ਰਿਹਾ ਸੀ, ਪੰਜਾਬ ਆਪਣੀ ਹੋਣੀ ’ਤੇ ਰੋਣ ਲਈ ਮਜਬੂਰ ਹੋਇਆ ਪਿਆ ਸੀ। ਇਸ ਲਈ ਸਾਡੇ ਸਾਹਮਣੇ ਇਹ ਇਕ ਵੱਡਾ ਸਵਾਲ ਬਣ ਜਾਂਦਾ ਹੈ ਕਿ ਆਖ਼ਿਰ ਜਿਸ ਦੇਸ਼ ਲਈ ਪੰਜਾਬ ਨੇ ਆਪਣੀਆਂ ਅਥਾਹ ਕੁਰਬਾਨੀਆਂ ਦਿੱਤੀਆਂ, ਉਸ ਦੇਸ਼ ਨੇ ਪੰਜਾਬ ਦੇ ਜ਼ਖ਼ਮਾਂ ਉੱਪਰ ਕਦੀ ਮੱਲ੍ਹਮ ਵੀ ਲਗਾਈ ਜਾਂ ਇਨ੍ਹਾਂ ਨੂੰ ਉਚੇੜਿਆ ਹੀ? ਇਹ ਕਿਤਾਬ ਇਸ ਸਵਾਲ ਦੇ ਜਵਾਬ ਦਾ ਇਕ ਬਿਹਤਰੀਨ ਉਦਾਹਰਨ ਹੈ।

ਭਾਰਤ ਦੇ ਇਤਿਹਾਸ ਵਿਚ ਬੇਸ਼ੱਕ ਕੋਈ ਕੁਝ ਵੀ ਕਹੇ, ਸੱਚ ਇਹ ਹੈ ਕਿ ਪੰਜਾਬ ਦਾ ਨਾਮ ਬੇਹੱਦ ਛੋਟੇ ਅੱਖਰਾਂ ਵਿਚ ਲਿਖਿਆ ਹੋਇਆ ਮਿਲਦਾ ਹੈ। ਕੁਝ ਇਕ ਨਾਮਾਂ ਨੂੰ ਛੱਡ ਕੇ ਪੰਜਾਬ ਦਾ ਕੋਈ ਵੀ ਸ਼ਹੀਦ

ਭਾਰਤੀ ਲੋਕਾਂ ਲਈ ਲਗਭਗ ਅਨਜਾਣਿਆ ਹੀ ਹੈ। ਕੁਝ ’ਕੁ ਨੇਤਾਵਾਂ ਤੋਂ ਬਿਨਾਂ ਪੰਜਾਬ ਦਾ ਕੋਈ ਵੀ ਨੇਤਾ ਭਾਰਤੀ ਲੋਕਾਂ ਲਈ ਨਾ ਜਾਣਨ ਯੋਗ ਪਾਤਰ ਦੇ ਰੂਪ ਵਜੋਂ ਸਾਡੇ ਸਾਹਮਣੇ ਆਉਂਦਾ ਹੈ। ਇਹੀ ਨਹੀਂ ਹਰ ਤਰ੍ਹਾਂ ਦੀ ਯੋਗਤਾ, ਸਮਰੱਥਾ ਅਤੇ ਪ੍ਰਾਪਤੀ ਦੇ ਬਾਵਜੂਦ ਪੰਜਾਬ ਦੇ ਕਿਸੇ ਵੀ ਵਿਆਕਤੀ ਨੂੰ ਅਜ਼ਾਦੀ ਦੇ ਇਤਿਹਾਸ ਦਾ ਕੋਈ ਮਾਣਯੋਗ ਵਿਚਾਰਕ ਤਕ ਨਹੀਂ ਮੰਨਿਆ ਜਾਂਦਾ। ਖ਼ੁਦ ਭਾਰਤ ਸਰਕਾਰ ਅਜਿਹਾ ਕੋਈ ਯਤਨ ਨਹੀਂ ਕਰ ਰਹੀ, ਜਿਸ ਰਾਹੀਂ ਪੰਜਾਬ ਦੇ ਇਸ ਲਾਸਾਨੀ ਦੌਰ ਨੂੰ ਸਮੁੱਚੇ ਭਾਰਤੀਆਂ ਸਾਹਮਣੇ ਪੇਸ਼ ਕੀਤਾ ਜਾ ਸਕੇ। ਹੋਰ ਤਾਂ ਹੋਰ ਭਾਰਤ ਸਰਕਾਰ ਨੇ ਕਦੀ ਪੰਜਾਬ ਦੇ ਭਾਰਤ ਦੀ ਅਜ਼ਾਦੀ ਵਿਚ ਪਾਏ ਗਏ ਸਮੁੱਚੇ ਯੋਗਦਾਨ ਉੱਪਰ ਹੁਣ ਤਕ ਕਦੀ ਕੋਈ ਬੱਝਵਾਂ ਕਾਰਜ ਤਕ ਨਹੀਂ ਕਰਵਾਇਆ। ਇਸ ਲਈ ਸਾਡੇ ਸਾਹਮਣੇ ਇਸ ਇਤਿਹਾਸਕ ਪ੍ਰਾਪਤੀ ਦੇ ਜਿਹੜੇ ਵੀ ਸੋਮੇ ਪ੍ਰਗਟ ਹੁੰਦੇ ਹਨ, ਉਹ ਜਾਂ ਤਾਂ ਇਤਿਹਾਸਕਾਰਾਂ ਦੇ ਨਿੱਜੀ ਯਤਨ ਹਨ, ਜਾਂ ਗ਼ੈਰ-ਸਰਕਾਰੀ ਕੋਸ਼ਿਸ਼ਾਂ ਦੇ ਰੂਪ ਵਿਚ ਸਾਹਮਣੇ

ਆਉਂਦੇ ਹਨ।

ਹਾਲਾਂਕਿ ਸਵਾਲ ਇਹ ਨਹੀਂ ਹੈ ਕਿ ਅਜ਼ਾਦੀ ਤੋਂ ਬਾਅਦ ਅਜਿਹੇ ਕਾਰਜ ਕਿਉਂ ਨਹੀਂ ਹੋਏ? ਅਹਿਮ ਸਵਾਲ ਇਹ ਹੈ ਕਿ ਇਨ੍ਹਾਂ ਦੀ ਲੋੜ ਤਕ ਹੀ ਕਿਉਂ ਨਹੀਂ ਮਹਿਸੂਸ ਕੀਤੀ ਗਈ? ਭਾਰਤ ਦੀ ਅਜ਼ਾਦੀ ਵਿਚ ਜਿਸ ਪ੍ਰਕਾਰ ਪੰਜਾਬ ਨੇ ਹਿੱਸਾ ਲਿਆ ਤੇ ਜਿਸ ਤਰ੍ਹਾਂ ਉਸ ਨੂੰ ਅਜ਼ਾਦੀ ਤੋਂ ਬਾਅਦ ਕਿਨਾਰੇ ਕਰ ਦਿੱਤਾ ਗਿਆ, ਉਸ ਗੱਲ ਨੇ ਪੰਜਾਬੀ ਮਾਨਸਿਕਤਾ ਵਿਚ ਭਾਰਤੀ ਹੋਣ ਦੇ ਮਾਣ ਨੂੰ ਗਵਾਇਆ ਹੈ, ਇਸ ਕਾਰਨ ਅਸੀਂ ਇਸ ਗੱਲ ਤੋਂ ਵੀ ਮੁਨਕਰ ਨਹੀਂ ਹੋ ਸਕਦੇ। ਅਜ਼ਾਦੀ ਦੇ ਤੁਰੰਤ ਬਾਅਦ ਭਾਰਤੀ ਨੇਤਾਵਾਂ ਦੇ ਬਦਲੇ ਰਵੱਈਏ ਤੇ ਪੰਜਾਬੀ ਸੂਬਾ ਮੋਰਚਾ, ਰਾਹੀਂ ਧਰਮ ਯੁੱਧ ਮੋਰਚੇ ਤਕ ਦਾ ਸਾਹਮਣੇ ਆਉਂਦਾ ਇਤਿਹਾਸ ਸਾਨੂੰ ਸਪਸ਼ਟ ਕਰ ਦਿੰਦਾ ਹੈ ਕਿ ਭਾਰਤ ਲਈ ਪੰਜਾਬ ਮਹਿਜ਼ ਇਕ ਅਜਿਹਾ ਸੰਦ ਹੈ, ਜਿਸ ਨੂੰ ਹਮੇਸ਼ਾ ਸੱਤਾ ਅਤੇ ਦੇਸ ਦੀ ਰੱਖਿਆ ਹਿਤ ਹੀ ਇਸਤੇਮਾਲ ਕੀਤਾ ਜਾਂਦਾ ਹੈ। ਸ਼ਾਇਦ ਇਹੀ ਕਾਰਨ ਹੈ ਕਿ ਜਿਸ ਤਰ੍ਹਾਂ